# ਦੱਖਣੀ ਏਸ਼ੀਆ 'ਚ ਅਮਨ ਲਈ ਸੰਘਰਸ਼ ਕਰੋ! ਅਮਰੀਕੀ ਸਾਮਰਾਜਵਾਦ ਨੂੰ ਇਸ ਇਲਾਕੇ 'ਚੋਂ ਖਦੇੜ ਸੁੱਟੋ!

## ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ ਦੀ ਕੇਂਦਰੀ ਕਮੇਟੀ ਦਾ ਬਿਆਨ, 11ਜਨਵਰੀ 2009

ਵੱਧ ਤੋਂ ਵੱਧ ਲੋਕ ਹੁਣ ਸਮਝਣ ਲੱਗ ਪਏ ਹਨ ਕਿ ਦੱਖਣੀ ਏਸ਼ੀਆ ਅੰਦਰ ਅਮਨ ਗੰਭੀਰ ਖਤਰੇ 'ਚ ਹੈ ਅਤੇ ਇਹ ਖਤਰਾ ਆਏ ਦਿਨ ਵਧਦਾ ਹੀ ਜਾ ਰਿਹਾ ਹੈ। ਇਸਦੀ ਵਜ੍ਹਾ ਕੀ ਹੈ?




ਜੰਗ ਦਾ ਉਨਮਾਦ ਫੈਲਾਉਣ ਲਈ ਹਿੰਦੋਸਤਾਨ ਪਾਕਿਸਤਾਨ ਨੂੰ ਦੋਸ਼ੀ ਕਹਿੰਦਾ ਹੈ ਅਤੇ ਪਾਕਿਸਤਾਨ ਹਿੰਦੋਸਤਾਨ ਨੂੰ ਦੋਸ਼ ਦਿੰਦਾ ਹੈ। ਏਸ ਵਿਚਾਲੇ, ਅਮਰੀਕਾ ਖੁਦ ਨੂੰ ਆਪਸ 'ਚ ਝਗੜ ਰਹੇ, ਇਨ੍ਹਾਂ ਦੋ ਗੁਆਂਢੀ ਮੁਲਕਾਂ ਦਰਮਿਆਨ "ਦਿਆਨਤਦਾਰ ਵਿਚੋਲੀਏ" ਦੇ ਤੌਰ ਤੇ ਪੇਸ਼ ਕਰ ਰਿਹਾ ਹੈ।

ਮੁੰਬਈ 'ਚ ਹੋਏ ਦਹਿਸ਼ਤਵਾਦੀ ਹਮਲਿਆਂ ਤੋਂ ਬਾਅਦ, ਨਵੇਂ ਚੁਣੇ ਗਏ ਰਾਸ਼ਟਰਪਤੀ ਸਮੇਤ, ਅਨੇਕ ਅਮਰੀਕੀ ਆਗੂਆਂ ਨੇ ਬਿਆਨ ਦਿੱਤੇ ਕਿ ਉਹ ਸਮਝਦੇ ਹਨ ਕਿ ਹਿੰਦੋਸਤਾਨ ਨੂੰ ਫੌਜੀ ਹਮਲੇ ਦਾ ਰਾਹ ਅਪਨਾਉਣ ਲਈ ਮਜਬੂਰ ਹੋਣਾ ਪੈ ਸਕਦਾ ਹੈ। ਇਹ ਪਾਕਿਸਤਾਨ ਖਿਲਾਫ ਜੰਗ-ਫਰੋਸ਼ੀ ਭੜਕਾਉਣ ਵਾਲਾ ਬਿਆਨ ਸੀ। ਲੇਕਿਨ ਨਾਲੋ-ਨਾਲ, ਅਮਰੀਕੀ ਸਰਕਾਰ ਦੇ ਬੁਲਾਰੇ ਰਸਮੀ ਤੌਰ ਤੇ ਇਹ ਕਹਿ ਰਹੇ ਹਨ ਕਿ ਉਹ ਇਨ੍ਹਾਂ ਦੋਨਾਂ ਗੁਆਂਢੀ ਪ੍ਰਮਾਣੂ ਤਾਕਤਾਂ ਨੂੰ ਆਪਸੀ ਜੰਗ ਤੋਂ ਰੋਕਣ ਦੇ ਯਤਨ ਕਰ ਰਹੇ ਹਨ।

ਇਨ੍ਹਾਂ ਸਭ ਚਾਲਾਂ ਨੂੰ ਸਹੀ ਮੈਨਿਆਂ 'ਚ ਸਮਝਣ ਲਈ, ਇਹ ਜਰੂਰੀ ਹੈ ਕਿ ਸਾਡੇ ਮਜਦੂਰ-ਮਿਹਨਤਕਸ਼ ਅਤੇ ਤਮਾਮ ਅਮਨ-ਪਸੰਦ ਲੋਕ ਚੰਗੀ ਤਰ੍ਹਾਂ ਸਮਝ ਲੈਣ ਕਿ ਇਸ ਵਕਤ, ਖਾਸ ਤੌਰ ਤੇ ਅਮਰੀਕਾ ਅਤੇ ਵੱਖ-ਵੱਖ ਹੋਰ ਤਾਕਤਾਂ, ਕਿਸ ਤਰ੍ਹਾਂ ਆਪਣੇ ਪਸਾਰਵਾਦੀ ਮਨਸੂਬਿਆਂ ਨੂੰ ਅੱਗੇ ਵਧਾ ਰਹੀਆਂ ਹਨ। ਹਾਲਾਂਕਿ ਇਹ ਸਾਰੀਆਂ ਤਾਕਤਾਂ ਏਹੀ ਦਿਖਾਵਾ ਕਰਦੀਆਂ ਹਨ ਕਿ ਦੁਨੀਆਂ ਨੂੰ ਅਰਾਜਕਤਾ ਅਤੇ ਦਹਿਸ਼ਤਵਾਦ ਤੋਂ ਬਚਾਉਣਾ ਉਨ੍ਹਾਂ ਦਾ ਉਦੇਸ਼ ਹੈ, ਪ੍ਰੰਤੂ ਉਨ੍ਹਾਂ ਦਾ ਅਸਲੀ ਉਦੇਸ਼ ਆਪੋ-ਆਪਣੇ ਪ੍ਰਭਾਵ ਦੇ ਖੇਤਰਾਂ ਨੂੰ ਸਥਾਪਤ ਅਤੇ ਵਿਸਤ੍ਰਿਤ ਕਰਨਾ ਹੈ। ਉਨ੍ਹਾਂ ਦਾ ਉਦੇਸ਼ ਹੈ ਬਜ਼ਾਰ ਉਤੇ ਹਾਵੀ ਹੋਣਾ, ਕੱਚੇ ਮਾਲ ਦੇ ਸੋਮਿਆਂ ਅਤੇ ਪੂਰਤੀ ਦੇ ਮਾਰਗਾਂ ਉਤੇ ਹਾਵੀ ਹੋਣਾ ਅਤੇ ਆਪਣੀ ਧੱਕੜਸ਼ਾਹੀ ਦੇ ਖਿਲਾਫ ਲੋਕਾਂ ਦੇ ਤਮਾਮ ਪ੍ਰਤੀਰੋਧ ਨੂੰ ਕੁਚਲਣਾ।

ਅਮਰੀਕਾ ਨੇ ਸਾਰੀ ਦੁਨੀਆਂ ਲਈ ਕਨੂੰਨ ਬਨਾਉਣ ਦਾ "ਅਧਿਕਾਰ" ਆਪਣੇ ਹੱਥ ਲੈ ਲਿਆ ਹੈ। ਉਹ ਇਸ ਜਾਂ ਉਸ ਦੇਸ਼ ਨੂੰ "ਆਪਹੁੱਦਰਾ (ਗੁੰਡਾ) ਰਾਜ" ਜਾਂ "ਅਸਫਲ ਰਾਜ" ਐਲਾਨ ਦਿੰਦਾ ਹੈ ਅਤੇ ਉਸ ਅਧਾਰ ਤੇ, ਉਹਦੇ ਖਿਲਾਫ ਹਮਲਾਵਰ ਅਤੇ ਕਬਜ਼ਾਕਰੂ ਜੰਗ ਛੇੜਦਾ ਹੈ। ਉਹ ਸਾਰੀ ਦੁਨੀਆਂ ਉਤੇ ਧੌਂਸ ਜਮ੍ਹਾਉਣ ਲਈ ਅਜੇਹਾ ਕਰ ਰਿਹਾ ਹੈ।




ਪੱਛਮੀ ਅਤੇ ਮਧ-ਏਸ਼ੀਆ ਦੇ ਤੇਲ ਭਰਪੂਰ ਇਲਾਕਿਆਂ ਉਤੇ ਆਪਣਾ ਪ੍ਰਭਾਵ ਸਥਾਪਤ ਅਤੇ ਵਿਸਤ੍ਰਿਤ ਕਰਨ ਅਤੇ ਵਿਦੇਸ਼ੀ ਕਬਜ਼ੇ ਦੇ ਖਿਲਾਫ, ਇਸ ਇਲਾਕੇ ਦੇ ਲੋਕਾਂ ਅਤੇ ਕੌਮਾਂ ਦੇ ਪ੍ਰਤੀਰੋਧ ਨੂੰ ਕੁਚਲਣ ਦੇ ਇਰਾਦੇ ਨਾਲ, ਅਮਰੀਕਾ ਨੇ ਕਈ ਬਾਰ ਜੰਗਾਂ ਛੇੜੀਆਂ ਹਨ। ਜਦੋਂ ਜਨਤਕ ਇਨਕਲਾਬ ਨੇ ਅਮਰੀਕਾ ਦੇ ਟੱਟੂ, ਈਰਾਨ ਦੇ ਸ਼ਾਹ ਦਾ ਤਖਤਾ ਪਲਟ ਦਿੱਤਾ ਸੀ, ਤਾਂ ਅਮਰੀਕਾ ਨੇ ਇਰਾਕ ਨੂੰ ਈਰਾਨ ਉਤੇ ਹਮਲਾ ਕਰਨ ਲਈ ਭੜਕਾਇਆ। ਇਰਾਕ ਅਤੇ ਈਰਾਨ, ਦੋਹਾਂ ਨੂੰ ਕਮਜੋਰ ਕਰਨ ਲਈ ਅਮਰੀਕਾ ਨੇ ਜਾਣ-ਬੁੱਝਕੇ ਉਸ ਜੰਗ ਨੂੰ ਲੰਬਾ ਖਿਚਿਆ ਸੀ। 1990ਵਿਆਂ ਦੇ ਦਹਾਕੇ ਵਿੱਚ, ਅਮਰੀਕਾ ਨੇ ਇਰਾਕ ਨੂੰ ਕੁਵੈਤ ਉਤੇ ਹਮਲਾ ਕਰਨ ਲਈ ਉਕਸਾਇਆ ਅਤੇ ਫਿਰ ਇਸੇ ਬਹਾਨੇ ਹੇਠ ਖੁਦ ਇਰਾਕ ਖਿਲਾਫ ਇੱਕ ਭਿਆਨਕ ਜੰਗ ਛੇੜੀ ਸੀ।

ਸੰਨ 2001 ਤੋਂ ਅਮਰੀਕਾ ਨੇ, 11 ਸਤੰਬਰ ਨੂੰ ਨਿਯੂ ਯਾਰਕ ‘ਚ ਹੋਏ ਦਹਿਸ਼ਤਵਾਦੀ ਹਮਲਿਆਂ ਦਾ ਇਸਤੇਮਾਲ ਕਰਕੇ, ਹਮਲਾਵਰ ਅਤੇ ਕਬਜਾਕਰੂ ਜੰਗਾਂ ਛੇੜਨ ਲਈ, “ਦਹਿਸ਼ਤਵਾਦ ਖਿਲਾਫ ਜੰਗ” ਨੂੰ ਆਪਣਾ ਮੁੱਖ ਅਧਾਰ ਬਣਾ ਰੱਖਿਆ ਹੈ। ਉਸਨੇ ਅਫਗਾਨਿਸਤਾਨ ਅਤੇ ਇਰਾਕ ਉਤੇ ਫੌਜੀ ਕਬਜ਼ਾ ਕਰਕੇ ਈਰਾਨ ਨੂੰ ਘੇਰਿਆ ਹੋਇਆ ਹੈ। ਮੱਧ ਏਸ਼ੀਆ ਦੇ ਜਿਹੜੇ ਗਣਰਾਜ ਸਾਬਕਾ ਸੋਵੀਅਤ ਯੂਨੀਅਨ ਦਾ ਅੰਗ ਸਨ, ਉਨ੍ਹਾਂ ਅੰਦਰ ਅਮਰੀਕਾ ਨੇ ਕਾਫੀ ਹਦ ਤਕ ਆਪਣੇ ਪੈਰ ਜਮ੍ਹਾ ਲਏ ਹਨ। ਹੁਣ ਅਮਰੀਕਾ ਦੱਖਣੀ ਅਫਗਾਨਿਸਤਾਨ ਅਤੇ ਪੱਛਮੀ ਪਾਕਿਸਤਾਨ ਅੰਦਰ ਹੋਰ ਵਧੇਰੇ ਹੱਦ ਤਕ ਆਪਣੇ ਪੈਰ ਜਮ੍ਹਾਉਣੇ ਚਾਹੁੰਦਾ ਹੈ, ਤਾਂਕਿ ਉਥੋਂ ਦੀ ਅਜ਼ਾਦੀ-ਪਸੰਦ ਅਬਾਦੀ ਦੇ ਵਿਰੋਧ ਸੰਘਰਸ਼ ਨੂੰ ਦਬਾਇਆ ਜਾ ਸਕੇ। ਅਮਰੀਕਾ, ਮਧ ਏਸ਼ੀਆ ਤੋਂ ਲੈਕੇ ਬਲੋਚਿਸਤਾਨ ਤਕ, ਤੇਲ ਸਪਲਾਈ ਦੇ ਮਾਰਗ ਨੂੰ ਖੁਦ ਹਥਿਆਉਣਾ ਚਾਹੁੰਦਾ ਹੈ।

ਖੇਤਰੀ ਜਾਂ ਵਿਸ਼ਵ ਪੱਧਰ ਤੇ, ਸਰਦਾਰੀ ਹਾਸਲ ਕਰਨ ਲਈ, ਦੂਸਰੀਆਂ ਵੱਖ-ਵੱਖ ਵੱਡੀਆਂ ਅਤੇ ਉਭਰਦੀਆਂ ਤਾਕਤਾਂ ਦੇ ਆਪੋ-ਆਪਣੇ ਪ੍ਰੋਗਰਾਮ ਹਨ। ਪੱਛਮ ‘ਚ ਜਰਮਨੀ ਤੋਂ ਲੈਕੇ ਪੂਰਬ ‘ਚ ਜਪਾਨ ਤਕ, ਅਤੇ ਏਸ਼ੀਆ ਅੰਦਰ ਰੂਸ, ਚੀਨ ਅਤੇ ਹਿੰਦੋਸਤਾਨ--ਇਹ ਸਾਰੀਆਂ ਸੰਸਥਾਪਤ ਅਤੇ ਉਭਰ ਰਹੀਆਂ ਤਾਕਤਾਂ ਏਹੀ ਚਾਹੁੰਦੀਆਂ ਹਨ ਕਿ ਅਮਰੀਕਾ ਰਾਜਾਂ(ਦੇਸ਼ਾਂ) ਵਿਚਾਲੇ ਆਪਸੀ ਸਬੰਧਾਂ ਦੇ ਸੱਭ ਜਮਹੂਰੀ ਕਾਇਦੇ-ਕਨੂੰਨ ਤੋੜ ਦੇਵੇ। ਉਹ ਸੱਭ ਅਜੇਹਾ ਇਸ ਲਈ ਚਾਹੁੰਦੀਆਂ ਹਨ ਕਿਉਂਕਿ ਉਨ੍ਹਾਂ ‘ਚੋਂ ਹਰੇਕ ਤਾਕਤ, ਵੇਲਾ ਆਉਣ ਤੇ ਆਪਣਾ ਸਾਮਰਾਜਵਾਦੀ ਪ੍ਰੋਗਰਾਮ ਲਾਗੂ ਕਰਨ ਲਈ ਏਸੇ ਤਰ੍ਹਾਂ ਦੇ ਤਰੀਕਿਆਂ ਦਾ ਇਸਤੇਮਾਲ ਕਰਨਾ ਚਾਹੁੰਦੀਆਂ ਹਨ। ਉਹ ਸਾਰੀਆਂ ਹੀ, ਇਸ ਜਾਂ ਉਸ “ਆਪਹੁੱਦਰੇ ਰਾਜ” ਜਾਂ “ਅਸਫਲ ਰਾਜ” ਅਤੇ ਇਸ ਜਾਂ ਉਸ ਪ੍ਰਕਾਰ ਦੇ ਦਹਿਸ਼ਤਵਾਦ ਨੂੰ ਨਿਸ਼ਾਨਾਂ ਬਣਾਕੇ, ਆਪਣੇ ਹਮਲਾਵਰ ਤੇ ਕਬਜ਼ਾਕਰੂ ਇਰਾਦਿਆਂ ਨੂੰ ਅੰਜ਼ਾਮ ਦੇਣਾ ਚਾਹੁੰਦੀਆਂ ਹਨ।

ਹਿੰਦੋਸਤਾਨ ਦੇ ਸਰਮਾਏਦਾਰ, ਇਨ੍ਹਾਂ ਹਾਲਤਾਂ ਦਾ ਫਾਇਦਾ ਉਠਾਕੇ, ਇਸ ਇਲਾਕੇ ਅੰਦਰ ਆਪਣੇ ਪ੍ਰਭਾਵ ਖੇਤਰ ਨੂੰ ਪਸਾਰਨਾ ਚਾਹੁੰਦੇ ਹਨ। ਉਹ ਪੱਛਮ ਅਤੇ ਮਧ ਏਸ਼ੀਆ ਤੋਂ ਤੇਲ ਦੀ ਸਪਲਾਈ ਦਾ ਆਪਣਾ ਮਾਰਗ ਸਥਾਪਤ ਕਰਨਾ ਚਾਹੁੰਦੇ ਹਨ। ਉਹ ਆਪਣੇ ਸਾਮਰਾਜਵਾਦੀ ਮਨਸੂਬੇ ਪੂਰੇ ਕਰਨ ਲਈ, ਅਮਰੀਕਾ ਨਾਲ ਰਣਨੀਤਕ ਗਠ-ਜੋੜ ਦਾ ਇਸਤੇਮਾਲ ਕਰਨਾ ਚਾਹੁੰਦੇ ਹਨ। ਸਾਡੇ ਸਰਮਾਏਦਾਰ, ਮੁੰਬਈ ਦੇ ਦਹਿਸ਼ਤਵਾਦੀ ਹਮਲਿਆਂ ਦਾ ਬਹਾਨਾ ਬਣਾਕੇ, ਪਾਕਿਸਤਾਨ ਉਤੇ ਹਮਲਾ ਕਰਨ ਦੀਆਂ ਧਮਕੀਆਂ ਦੇ ਰਹੇ ਹਨ, ਅਤੇ ਪਾਕਿਸਤਾਨ ਉਤੇ ਤਰ੍ਹਾਂ-ਤਰ੍ਹਾਂ





ਦੀਆਂ ਸ਼ਰਤਾਂ ਥੋਪ ਰਹੇ ਹਨ ਜਿਨ੍ਹਾਂ ਨੂੰ ਪੂਰਾ ਕਰਨਾ ਪਾਕਿਸਤਾਨ ਲਈ ਨਾ-ਮੁਮਕਿਨ ਹੈ।

ਪਾਕਿਸਤਾਨੀ ਰਾਜ ਦਾ ਕਾਫੀ ਲੰਬੇ ਅਰਸੇ ਤੋਂ ਅਮਰੀਕਾ ਦੇ ਨਾਲ ਰਣਨੀਤਕ ਗਠ-ਜੋੜ ਰਿਹਾ ਹੈ। ਪਾਕਿਸਤਾਨੀ ਰਾਜ ਨੇ ਇਸ ਇਲਾਕੇ ਅੰਦਰ ਅਮਰੀਕੀ ਦਖਲਅੰਦਾਜ਼ੀ ਨੂੰ ਵਧਾਉਣ ‘ਚ ਬਹੁਤ ਮੱਦਦ ਕੀਤੀ ਹੈ। ਅੱਜ, ਪਾਕਿਸਤਾਨ ਦੇ ਲੋਕ ਅਮਰੀਕੀ ਧੌਂਸ ਦਾ ਡਟਕੇ ਵਿਰੋਧ ਕਰ ਰਹੇ ਹਨ। ਪਾਕਿਸਤਾਨ ਦੇ ਹੁਕਮਰਾਨ ਬੁਰੀ ਤਰ੍ਹਾਂ ਫਸੇ ਹੋਏ ਹਨ। ਇੱਕ ਤਰਫ ਲੋਕਾਂ ਦੇ ਸਾਮਰਾਜਵਾਦ-ਵਿਰੋਧੀ ਪ੍ਰਬਲ ਜ਼ਜਬਾਤ ਤੇ ਦੂਸਰੀ ਤਰਫ ਰਾਜ ਦੇ ਸੰਸਥਾਨਾਂ, ਫੌਜ ਅਤੇ ਖੁਫੀਆ ਸੰਸਥਾਨਾਂ ਅੰਦਰ ਗਹਿਰਾ ਅਮਰੀਕੀ ਪ੍ਰਭਾਵ--ਇਨ੍ਹਾਂ ਦੋਨਾਂ ਦੇ ਵਿਚਾਲੇ ਪਾਕਿਸਤਾਨੀ ਹੁਕਮਰਾਨ ਫਸੇ ਹੋਏ ਹਨ।

ਪਾਕਿਸਤਾਨ ਦੇ ਲੋਕ, ਹਿੰਦੋਸਤਾਨ ਦੇ ਲੋਕਾਂ ਨਾਲ ਅਮਨ ‘ਚ ਰਹਿਣਾ ਚਾਹੁੰਦੇ ਹਨ। ਉਹ ਜੰਗ ਨਹੀਂ ਚਾਹੁੰਦੇ। ਹਿੰਦੋਸਤਾਨ ਅੰਦਰ ਭੀ ਲੋਕ, ਜੰਗ ਦਾ ਡਟਕੇ ਵਿਰੋਧ ਕਰ ਰਹੇ ਹਨ, ਖਾਸ ਕਰਕੇ ਉਨ੍ਹਾਂ ਸਰਹੱਦੀ ਇਲਾਕਿਆਂ ਦੇ ਲੋਕ, ਜਿਨ੍ਹਾਂ ਉਤੇ ਜੰਗ ਦਾ ਸਭ ਤੋਂ ਭਿਅੰਕਰ ਅਸਰ ਹੋਣ ਵਾਲਾ ਹੈ, ਮਸਲਨ ਕਸ਼ਮੀਰ, ਪੰਜਾਬ, ਰਾਜਸਥਾਨ ਅਤੇ ਗੁਜਰਾਤ ਦੇ ਲੋਕ। ਸਾਡੇ ਦੋਨਾਂ ਦੇਸ਼ਾਂ ਵਿਚਕਾਰ ਜੰਗ ਤੋਂ ਹਿੰਦੋਸਤਾਨੀ ਜਾਂ ਪਾਕਿਸਤਾਨੀ, ਕਿਸੇ ਵੀ ਲੋਕਾਂ ਨੂੰ ਫਾਇਦਾ ਨਹੀਂ।



ਹਿੰਦੋਸਤਾਨ ਤੇ ਪਾਕਿਸਤਾਨ ਦੇ ਮਜ਼ਦੂਰ ਅਤੇ ਕਿਸਾਨ, ਆਪਸ 'ਚ ਭਰਾਵਾਂ ਅਤੇ ਭੈਣਾਂ ਦੀ ਤਰ੍ਹਾਂ ਹਨ। ਅਸੀਂ ਦੋਨੋ ਹੀ ਬਸਤੀਵਾਦੀ ਵਿਰਾਸਤ ਅਤੇ ਪੂੰਜੀਵਾਦੀ-ਸਾਮਰਾਜਵਾਦੀ ਵਿਵਸਥਾ ਦੇ ਸ਼ਿਕਾਰ ਹਾਂ। ਬੰਗਲਾਦੇਸ਼, ਨੇਪਾਲ, ਸ੍ਰੀਲੰਕਾ ਅਤੇ ਇਸ ਉਪ-ਮਹਾਂਦੀਪ ਦੇ ਬਾਕੀ ਦੇਸ਼ਾਂ ਦੇ ਮਿਹਨਤਕਸ਼ ਲੋਕਾਂ ਦਾ ਭੀ ਏਹੋ ਹਾਲ ਹੈ। ਦੱਖਣੀ ਏਸ਼ੀਆ ਦੇ ਲੋਕ ਏਥੇ ਦੀਆਂ ਆਰਥਕ, ਰਾਜਨੀਤਕ ਅਤੇ ਸਮਾਜਿਕ ਸਮੱਸਿਆਵਾਂ ਦਾ ਹੱਲ ਚਾਹੁੰਦੇ ਹਨ। ਅਸੀਂ ਅਮਨ ਅਤੇ ਜਾਨ-ਮਾਲ ਦੀ ਸੁਰੱਖਿਆ ਲੋਚਦੇ ਹਾਂ, ਕਿਉਂਕਿ ਏਸ ਤੋਂ ਬਗੈਰ, ਸਾਡੀਆਂ ਭਖਦੀਆਂ ਆਰਥਕ ਅਤੇ ਰਾਜਨੀਤਕ ਸਮੱਸਿਆਵਾਂ ਦਾ ਹੱਲ ਨਹੀਂ ਹੋ ਸਕਦਾ।

ਇਸ ਇਲਾਕੇ ਅੰਦਰ ਅਮਰੀਕੀ ਸਾਮਰਾਜਵਾਦ ਦੀ ਮੌਜੂਦਗੀ ਨੂੰ ਵਧਾਉਣਾ, ਸਾਡੇ ਇਲਾਕੇ ਦੇ ਕਿਸੇ ਭੀ ਦੇਸ਼ ਦੇ ਲੋਕਾਂ ਦੇ ਹਿੱਤ 'ਚ ਨਹੀਂ ਹੈ। ਹਿੰਦੋਸਤਾਨ ਅਤੇ ਪਾਕਿਸਤਾਨ ਦਾ ਇਸ ਇਲਾਕੇ ਅੰਦਰ ਅਮਰੀਕੀ ਸਾਜ਼ਿਸ਼ਾਂ ਜਾਂ ਦੂਸਰੀਆਂ ਸਾਮਰਾਜਵਾਦੀ ਸਾਜ਼ਿਸ਼ਾਂ 'ਚ ਸ਼ਾਮਲ ਹੋਣਾ, ਸਾਡੇ ਹਿੱਤਾਂ 'ਚ ਨਹੀਂ ਹੈ। ਹਿੰਦੋਸਤਾਨ ਅਤੇ ਪਾਕਿਸਤਾਨ, ਦੋਨਾਂ ਦਾ ਇੱਕ-ਦੂਸਰੇ ਤੇ ਦਬਾਅ ਪਾਉਣ ਲਈ, ਅਮਰੀਕੀ ਸਾਮਰਾਜਵਾਦ ਦੀ ਮੱਦਦ ਮੰਗਣਾ, ਸਾਡੇ ਲੋਕਾਂ ਦੇ ਹਿੱਤਾਂ ਦੇ ਖਿਲਾਫ ਹੈ।

ਇਤਿਹਾਸ ਗਵਾਹ ਹੈ ਕਿ ਜਿਨ੍ਹਾਂ ਦੇਸ਼ਾਂ ਦੇ ਹੁਕਮਰਾਨਾਂ ਨੇ, ਅਮਰੀਕਾ ਦੀਆਂ ਸਾਜ਼ਿਸ਼ਾਂ 'ਚ ਹਿੱਸਾ ਲਿਆ ਹੈ, ਉਨ੍ਹਾਂ ਦੇਸ਼ਾਂ ਤੇ ਉਨ੍ਹਾਂ ਦੇ ਲੋਕਾਂ ਦਾ ਕਿੰਨਾ ਭਿਅੰਕਰ ਹਸ਼ਰ ਹੋਇਆ ਹੈ। ਇਰਾਕ ਅਤੇ ਪਾਕਿਸਤਾਨ ਇਸ ਵਕਤ ਏਹਦੀਆਂ ਮੁੱਖ ਉਦਾਹਰਣਾਂ ਹਨ। ਇਰਾਕ ਅਮਰੀਕਾ ਦੇ ਕਬਜ਼ੇ 'ਚ ਹੈ ਅਤੇ ਅੱਜ ਅਮਰੀਕਾ ਪਾਕਿਸਤਾਨ ਦੀ ਗਰਦਨ ਮਰੋੜ ਰਿਹਾ ਹੈ। ਹਿੰਦੋਸਤਾਨ ਦੇ ਹੁਕਮਰਾਨ, ਇਤਿਹਾਸ ਤੋਂ ਸਬਕ ਲੈਣ ਦੀ ਵਜਾਇ, ਅਮਰੀਕੀ ਸਾਜ਼ਿਸ਼ਾਂ 'ਚ ਫਸਣ ਵੱਲ ਭੱਜੇ ਚਲੇ ਜਾ ਰਹੇ ਹਨ, ਅਤੇ ਉਨ੍ਹਾਂ ਨੂੰ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਕਿ ਆਉਣ ਵਾਲੇ ਸਮੇਂ ਅੰਦਰ ਇਸ ਨਾਲ ਸਾਡੇ ਦੇਸ਼ ਤੇ ਕੀ-ਕੀ ਮੁਸੀਬਤਾਂ ਢਹਿਣਗੀਆਂ।

ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਹ ਅਮਰੀਕੀ ਸਾਮਰਾਜਵਾਦ ਹੀ ਸੀ, ਜਿਸਨੇ ਸਭ ਤੋਂ ਪਹਿਲਾਂ, ਤਰ੍ਹਾਂ-ਤਰ੍ਹਾਂ ਦੇ ਦਹਿਸ਼ਤਗਰਦ ਗਰੋਹਾਂ ਨੂੰ ਸਮਰਥਨ ਅਤੇ ਹਥਿਆਰ ਦਿੱਤੇ ਸਨ। ਆਪਹੁੱਦਰੇ(ਗੁੰਡੇ) ਰਾਜਾਂ ਦੀ ਸੂਚੀ ਵਿੱਚ ਤਾਂ ਅਮਰੀਕਾ ਸਭ ਤੋਂ ਉੱਪਰ ਹੈ, ਜੋ ਸਾਰੀ ਦੁਨੀਆਂ ਅੰਦਰ ਦਹਿਸ਼ਤਵਾਦ ਨੂੰ ਹਮਾਇਤ ਦਿੰਦਾ ਹੈ ਅਤੇ ਹਮਲਾਵਰ ਅਤੇ ਕਬਜ਼ਾਕਾਰੀ ਜੰਗਾਂ ਛੇੜਦਾ ਹੈ। ਅੱਜ, ਉਹਨੂੰ ਘੋਰ ਆਰਥਕ ਸੰਕਟ ਅਤੇ ਵਧਦੇ ਵਿਦੇਸ਼ੀ ਕਰਜ਼ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ। ਏਸੇ ਲਈ ਅਮਰੀਕਾ ਆਪਣੀ ਆਰਥਿਕਤਾ ਨੂੰ ਬਚਾਈ ਰੱਖਣ ਖਾਤਰ, ਵੱਧ-ਤੋਂ-ਵੱਧ ਫੌਜੀਕਰਣ ਅਤੇ ਜੰਗ ਦਾ ਸਹਾਰਾ ਲੈ ਰਿਹਾ ਹੈ। ਇਸ ਇਲਾਕੇ 'ਚੋਂ ਅਮਰੀਕੀ ਸਾਮਰਾਜਵਾਦ ਨੂੰ ਖਦੇੜ ਸੁੱਟਣ ਲਈ ਡਟਕੇ ਸੰਘਰਸ਼ ਕੀਤੇ ਬਗੈਰ, ਨਾ ਤਾਂ ਐਥੇ ਦਹਿਸ਼ਤਗਰਦ ਹਮਲਿਆਂ ਤੋਂ ਛੁਟਕਾਰਾ ਮਿਲ ਸਕਦਾ ਹੈ ਅਤੇ ਨਾ ਹੀ ਅਮਨ ਕਾਇਮ ਕੀਤਾ ਜਾ ਸਕਦਾ ਹੈ।











